# ਸਾਧੂ ਬਿਨੁ ਨਾਹੀ ਦਰਵਾਰ

ਗੋਂਡ ॥

ਜੈਸੇ ਮੰਦਰ ਮਹਿ ਬਲਹਰ ਨਾ ਠਾਹਰੈ ॥

ਨਾਮ ਬਿਨਾ ਕੈਸੇ ਪਾਰਿ ਉਤਰੈ ॥

ਕੁੰਭ ਬਿਨਾ ਜਲੁ ਨਾ ਟੀਕਾਵੈ ॥

ਸਾਧੂ ਬਿਨੁ ਐਸੇ ਅਬਗਤੁ ਜਾਵੈ ॥੧॥

ਭਗਤ ਕਬੀਰ ਜੀ ਦਾ ਇਹ ਸ਼ਬਦ ਰਾਗ ਗੋਂਡ ਵਿਚ, ਪੰਨਾ ੮੭੨ ਤੇ ਅੰਕਤ ਹੈ। ਇਸ ਸ਼ਬਦ ਵਿਚ ਮਿਸਾਲਾਂ ਰਾਹੀਂ ਬਹੁਤ ਵਡੇ ਤਰਕ ਵਰਤ ਕੇ, ਸਿਖੀ ਦੇ ਦੋ ਥੰਮ੍ਹ - ਨਾਮ ਸਿਮਰਣ ਅਤੇ ਸਾਧੂ ਦੀ ਸੰਗਤਿ ਨੂੰ ਅਤਿ ਜ਼ਰੂਰੀ ਅਤੇ ਲਾਜ਼ਮੀ ਸਾਬਤ ਕਰ ਵਿਖਾਇਆ ਹੈ।

- - ਆਪ ਜੀ ਤਰਕ ਦਿੰਦੇ ਹਨ ਕਿ ਜਿਵੇਂ ਬਾਲਿਆਂ ਆਦਿ ਤੋਂ ਬਿਨਾਂ ਕੋਈ ਇਮਾਰਤ ਨਹੀਂ ਟਿਕ ਸਕਦੀ (ਜਿਵੇਂ ਅਜ ਦੇ ਸਮੇਂ ਸਰੀਆ ਅਤੇ ਬੀਮ ਪਾਏ ਬਿਨਾਂ ਛੱਤ ਨਹੀਂ ਟਿਕ ਸਕਦੀ), ਇਸੇ ਤਰ੍ਹਾਂ ਨਾਮ ਸਿਮਰਣ ਤੋਂ ਬਿਨਾਂ, ਕੋਈ ਭਵਜਲ ਸੰਸਾਰ ਸਾਗਰ ਤੋਂ ਪਾਰ ਵੀ ਨਹੀਂ ਹੋ ਸਕਦਾ।

ਸ੍ਰੀ ਗੁਰੂ ਨਾਨਕ ਸਾਹਿਬ, ਪੰਨਾ ੨੨੨ ਤੇ, ਫ਼ੁਰਮਾਣ ਕਰਦੇ ਹਨ ਕਿ ਨਾਮ ਜਪੇ ਬਿਨਾ ਮਨੁਖ ਕਦੇ ਵੀ ਨਿਜ ਅਸਥਾਨ ਤੇ ਨਹੀਂ ਪੁਜ ਸਕਦਾ - 'ਨਾਮ ਬਿਨਾ ਨਾਹੀ ਨਿਜ ਠਾਉ।।' ਸ੍ਰੀ ਗੁਰੂ ਅਰਜਨ ਸਾਹਿਬ ਨੇ ਤਾਂ, ਪੰਨਾ ੨੪੦ ਤੇ, ਇਥੋਂ ਤਕ ਬਚਨ ਕਰ ਦਿਤਾ ਕਿ ਮਨੁਖ ਜਿਤਨੇ ਮਰਜ਼ੀ, ਚੰਗੇ ਜਾਂ ਮਾੜੇ ਕਰਮ ਕਰ ਲਏ, ਨਾਮ ਜਪੇ ਬਿਨਾਂ ਨਰਕ ਹੀ ਜਾਣਾ ਪਏਗਾ। ਜਿਸ ਨੇ ਪ੍ਰਭੂ ਦਾ ਨਾਮ ਨਹੀਂ ਜਪਿਆ, ਉਸ ਨੂੰ ਚੋਰ ਵਾਂਙੂੰ, ਬੰਨ੍ਹ ਕੇ, ਜਮਾਂ ਦੀ ਪੁਰੀ ਵਿਚ ਹੀ ਜਾਣਾ ਪਏਗਾ - 'ਨਾਮ ਸੰਗਿ ਮਨਿ ਪ੍ਰੀਤ ਨ ਲਾਵੈ।। ਕੋਟਿ ਕਰਮ ਕਰਤੋ ਨਰਕਿ ਜਾਵੈ।। ਹਰਿ ਕਾ ਨਾਮੁ ਜਿਨਿ ਮਨਿ ਨ ਆਰਾਧਾ।। ਚੋਰ ਕੀ ਨਿਆਈ ਜਮ ਪੁਰਿ ਬਾਧਾ।।'

- - ਦੂਜੇ, ਜਿਵੇਂ ਘੜੇ (ਭਾਂਡੇ) ਤੋਂ ਬਿਨਾਂ ਪਾਣੀ ਨਹੀਂ ਠਹਿਰ ਸਕਦਾ, ਇਸੇ ਤਰ੍ਹਾਂ ਸਾਧੂ ਤੋਂ ਬਿਨਾਂ ਜਪਿਆ ਹੋਇਆ ਨਾਮ ਵੀ ਫ਼ਲੀਭੂਤ ਨਹੀਂ ਹੁੰਦਾ।

ਸ੍ਰੀ ਗੁਰੂ ਰਾਮਦਾਸ ਸਾਹਿਬ ਦਾ, ਪੰਨਾ ੬੯੬ ਤੇ, ਫ਼ੁਰਮਾਣ ਹੈ ਕਿ ਜਿਸ ਮਨੁਖ

ਨੇ ਕਦੇ, ਸਾਧੂ ਦੇ ਚਰਣ ਨਹੀਂ ਪਰਸੇ, ਉਸ ਦਾ ਸਾਰਾ ਜਨਮ ਨਿਸ਼ਫ਼ਲ ਚਲਾ ਜਾਂਦਾ ਹੈ - 'ਤਿਨ ਸਾਧੂ ਚਰਣ ਨ ਸੇਵੇ ਕਬਹੂ ਤਿਨ ਸਭੁ ਜਨਮੁ ਅਕਾਥਾ।।' ਸਾਧੂ ਦੀ ਕਿਰਪਾ ਤੋਂ ਬਿਨਾਂ, ਸਿਮਰਨ ਦੀਆਂ ਉਚ ਅਵਸਥਾਵਾਂ ਤਕ ਪਹੁੰਚ ਨਹੀਂ ਹੋ ਸਕਦੀ। ਇਸ ਕਰਕੇ ਪਰਮ ਗਤੀ ਤੋਂ ਵਾਂਝੇ ਰਹਿ ਜਾਈਦਾ ਹੈ। ਕਾਰਣ ਇਹ ਹੈ, ਜੋ ਸ੍ਰੀ ਗੁਰੂ ਅਰਜਨ ਸਾਹਿਬ, ਪੰਨਾ ੮੯੩ ਤੇ ਦਸਦੇ ਹਨ ਕਿ ਇਸ ਖ਼ਜ਼ਾਨੇ ਦੀ ਕੁੰਜੀ ਸੰਤ ਜਨਾਂ ਦੇ ਹਥ ਹੁੰਦੀ ਹੈ - 'ਅਨਹਦ ਬਾਣੀ ਪੂੰਜੀ।। ਸੰਤਨ ਹਥਿ ਰਾਖੀ ਕੂੰਜੀ।।' ਸ੍ਰੀ ਗੁਰੂ ਅਰਜਨ ਸਾਹਿਬ, ਪੰਨਾ ੮੧੦ ਤੇ ਬਚਨ ਕਰਦੇ ਹਨ ਕਿ ਸਾਧੂ ਸੰਗਤਿ ਕੀਤੇ ਬਿਨਾਂ ਜੀਵਨ ਵਿਅਰਥ ਹੈ ਅਤੇ ਉਸ ਦਿਨ ਤੋਂ ਮੈਂ ਕੁਰਬਾਨ ਜਾਂਦਾ ਹਾਂ, ਜਿਸ ਦਿਨ ਸਾਧੂ ਨਾਲ ਪੂਰਣ ਮਿਲਾਪ ਹੋ ਗਿਆ - 'ਬਿਨੁ ਸਾਧੂ ਜੋ ਜੀਵਨਾ ਤੇਤੋ ਬਿਰਥਾਰੀ।। ਜਾ ਦਿਨ ਭੇਟੇ ਸਾਧ ਮੋਹਿ ਉਆ ਦਿਨ ਬਲਿਹਾਰੀ।।' ਭਗਤ ਕਬੀਰ ਜੀ, ਪੰਨਾ ੪੭੮ ਤੇ, ਵੀ ਬਚਨ ਕਰਦੇ ਹਨ ਕਿ ਇਹ ਕਿਵੇਂ ਹੋ ਸਕਦਾ ਹੈ ਕਿ ਕੋਈ ਨਾਮ ਜਪੇ ਬਿਨਾਂ ਪਾਰ ਹੋ ਜਾਵੇ - 'ਨਾਮ ਬਿਨਾ ਕੈਸੇ ਉਤਰਸਿ ਪਾਰਾ।।'

ਜਾਰਉ ਤਿਸੈ ਜੁ ਰਾਮੁ ਨ ਚੇਤੈ ॥

ਤਨ ਮਨ ਰਮਤ ਰਹੈ ਮਹਿ ਖੇਤੈ ॥੧॥ ਰਹਾਉ ॥

- - ਕਬੀਰ ਸਾਹਿਬ ਜੀ ਦਾ ਫ਼ੁਰਮਾਣ ਹੈ ਕਿ ਮੈਂ ਉਸ (ਜਿਹਵਾ, ਮਨ, ਭਾਵੇਂ ਸਰੀਰ) ਨੂੰ ਸਾੜ ਸੁਟਾਂ ਜੋ ਪਰਮਾਤਮਾ ਦਾ ਨਾਮ ਨਹੀਂ ਜਪਦਾ;

- - ਅਤੇ ਜਿਸ ਦਾ ਤਨ-ਮਨ ਇਸ ਦੁਨੀਆਂ ਵਿਚ ਰਹਿੰਦਿਆਂ ਹੋਇਆਂ, ਸਦਾ ਦੁਨਿਆਵੀ ਸਬੰਧਾਂ ਜਾਂ ਮਾਇਆ ਦੇ ਭੋਗਾਂ ਵਿਚ ਹੀ ਖਚਤ ਰਹਿੰਦਾ ਹੈ।੧।ਰਹਾਉ।

ਸ੍ਰੀ ਗੁਰੂ ਨਾਨਕ ਪਾਤਸ਼ਾਹ ਵੀ, ਪੰਨਾ ੫੪ ਤੇ, ਤਾਂ ਫ਼ੁਰਮਾਣ ਕਰਦੇ ਹਨ ਕਿ ਉਸ ਜੀਵ ਇਸਤਰੀ ਦਾ ਆਪਣਾ ਅੰਗ ਜਲ ਜਾਏ, ਤਨ, ਮਨ, ਧਨ ਵੀ ਜਲ-ਬਲ ਜਾਏ, ਜਿਸ ਜੀਵ-ਇਸਤ੍ਰੀ ਨੇ ਆਪਣੇ ਪਤੀ ਪ੍ਰਭੂ ਨਾਲ ਮਿਲਾਪ ਨਹੀਂ ਕੀਤਾ, ਜਿਸ ਕਾਰਨ ਉਸ ਦੀ ਜੁਆਨੀ ਵੀ ਵਿਅਰਥ ਹੋ ਗਈ - 'ਅੰਕੁ ਜਲਉ ਤਨੁ ਜਾਲੀਅਉ ਮਨੁ ਧਨੁ ਜਲਿ ਬਲਿ ਜਾਇ।। ਜਾ ਧਨ ਕੰਤਿ ਨ ਰਾਵੀਆ ਤਾ ਬਿਰਥਾ ਜੋਬਨੁ ਜਾਇ।।'

ਪਾਤਸ਼ਾਹ, ਪੰਨਾ ੫੯ ਤੇ, ਸਾਫ਼ ਲਫਜ਼ਾਂ ਵਿਚ ਫ਼ੁਰਮਾਣ ਕਰਦੇ ਹਨ ਕਿ ਉਹ

ਜੀਭ ਸੜ ਜਾਣ ਦੇ ਲਾਇਕ ਹੈ ਜੋ ਪ੍ਰੇਮ ਨਾਲ ਵਾਹਗੁਰੂ ਦਾ ਨਾਮ ਨਹੀਂ ਜਪਦੀ - 'ਜਿਹਵਾ ਜਲਉ ਜਲਾਵਣੀ ਨਾਮੁ ਨ ਜਪੈ ਰਸਾਇ।।'

ਜਿਹੜੇ ਗੁਰੂ ਨੂੰ ਚੇਤੇ ਨਹੀਂ ਕਰਦੇ, ਆਪਣੇ ਮਨ ਵਿਚ ਆਪਣੇ ਆਪ ਨੂੰ ਸਿਆਣਾ ਹੀ ਗਿਣਦੇ ਰਹਿੰਦੇ ਹਨ, ਅਖੀਰ ਉਹ ਥੋਥੇ, ਬੂਆੜ, ਬੇਕਾਰ ਦੇ ਤਿਲਾਂ ਵਾਂਙੂੰ, ਖੇਤ ਵਿਚ, ਇਸ ਸੰਸਾਰ ਵਿਚ ਨਿਖੱਸਮੇ ਹੀ ਰਹਿ ਜਾਂਦੇ ਹਨ, ਜਿਵੇਂ ਸ੍ਰੀ ਗੁਰੂ ਨਾਨਕ ਸਾਹਿਬ, ਆਸਾ ਕੀ ਵਾਰ ਵਿਚ, ਪੰਨਾ ੪੬੩ ਤੇ ਫ਼ੁਰਮਾਣ ਕਰਦੇ ਹਨ - 'ਨਾਨਕ ਗੁਰੂ ਨ ਚੇਤਨੀ ਮਨਿ ਆਪਣੈ ਸੁਚੇਤ।। ਛੁਟੇ ਤਿਲ ਬੂਆੜ ਜਿਉ ਸੁੰਞੇ ਅੰਦਰਿ ਖੇਤ।।'

ਜੈਸੇ ਹਲਹਰ ਬਿਨਾ ਜਿਮੀ ਨਹੀ ਬੋਈਐ ॥

ਸੂਤ ਬਿਨਾ ਕੈਸੇ ਮਣੀ ਪਰੋਈਐ ॥

ਘੁੰਡੀ ਬਿਨੁ ਕਿਆ ਗੰਠਿ ਚੜ੍ਹਾਈਐ ॥

ਸਾਧੂ ਬਿਨੁ ਤੈਸੇ ਅਬਗਤੁ ਜਾਈਐ ॥੨॥

ਭਗਤ ਕਬੀਰ ਜੀ ਸਾਧੂ ਦੀ ਸੰਗਤਿ ਦੇ ਲਾਜ਼ਮੀ ਹੋਣ ਬਾਰੇ ਤਿੰਨਤਰਕ/ਮਿਸਾਲਾਂ ਹੋਰ ਦਿੰਦੇ ਹਨ। ਆਪ ਜੀ ਦਾ ਫ਼ੁਰਮਾਣ ਹੈ ਕਿ ਜਿਵੇਂ :

੧. ਕਿਸਾਨ ਤੋਂ ਬਿਨਾਂ ਜ਼ਮੀਨ ਵਿਚ ਫ਼ਸਲ ਨਹੀਂ ਬੀਜੀ ਜਾ ਸਕਦੀ,

੨. ਧਾਗੇ ਤੋਂ ਬਿਨਾਂ ਮਾਲਾ ਨਹੀਂ ਪਰੋਈ ਜਾ ਸਕਦੀ,

੩. ਵੱਲ ਪਾਏ ਬਿਨਾਂ ਗੱਠ ਨਹੀਂ ਪਾਈ ਜਾ ਸਕਦੀ,

ਇਸੇ ਤਰ੍ਹਾਂ ਸਾਧੂ ਦੀ ਸੰਗਤਿ ਅਤੇ ਕਿਰਪਾ ਬਿਨਾਂ ਮਨੁਖਾ ਜੀਵਨ, ਬਿਨਾਂ ਪਰਮ ਗਤੀ ਹਾਸਲ ਕੀਤੇ ਹੀ, ਵਿਅਰਥ ਖਤਮ ਹੋ ਜਾਂਦਾ ਹੈ, ਜਦ ਕਿ, ਪਰਮ ਗਤੀ ਦੀ ਪ੍ਰਾਪਤੀ, ਮਨੁਖਾ ਜੀਵਨ ਦਾ ਪਰਮ ਲਖ਼ਸ਼ ਹੈ।

ਗੁਰਬਾਣੀ ਵਿਚ ਹੋਰ ਅਨੇਕ ਵੇਰ ਸਾਧੂ ਦੀ ਸੰਗਤਿ ਅਤੇ ਕਿਰਪਾ ਰਾਹੀਂ ਪਰਮਾਤਮਾ ਦੀ ਪ੍ਰਾਪਤੀ ਦਸੀ ਗਈ ਹੈ :

ਪੰਜਵੇਂ ਪਾਤਸ਼ਾਹ, ਪੰਨਾ ੪੪ ਤੇ, ਪਰਮਾਤਮਾ ਅਗੇ, ਉਸ ਦੇ ਸਾਧ ਜਨਾਂ ਦੀ ਸੇਵਾ ਪ੍ਰਾਪਤੀ ਲਈ ਜਾਚਨਾ ਕਰਦੇ ਹਨ ਕਿਉਂਕਿ ਸਾਧੂ ਸੰਗਤਿ/ਸੇਵਾ ਕਰਦੇ ਹੋਏ ਬੰਦਗੀ ਦੀ ਮੁਸ਼ੱਕਤ ਹੋ ਸਕਦੀ ਹੈ, ਅਤੇ ਉਸ ਸਾਧੂ ਦੇ ਤੁਠ ਪੈਣ ਨਾਲ,

ਪਰਮਾਤਮਾ ਦੀ ਪ੍ਰਾਪਤੀ ਹੋ ਸਕਦੀ ਹੈ - 'ਸਾਧੂ ਸੰਗੁ ਮਸਕਤੇ ਤੁਠੈ ਪਾਵਾ ਦੇਵ।।' ਅਤੇ 'ਸੰਤ ਕ੍ਰਿਪਾ ਤੇ ਜਪੀਐ ਨਾਮੁ।।', ਪੰਨਾ ੧੮੯.

ਹੋਰ ਕਈ ਲਖਾਂ ਤੀਰਥ, ਵਰਤ, ਸੰਜਮ ਆਦਿ ਨਾਲ ਨਹੀਂ, ਸਾਧੂ ਦੀ ਧੂੜ ਰਾਹੀਂ ਹੀ ਪ੍ਰਾਪਤੀ ਸੰਭਵ ਹੈ - 'ਤੀਰਥ ਵਰਤ ਲਖ ਸੰਜਮਾ ਪਾਈਐ ਸਾਧੂ ਧੂਰਿ।।' ਪੰਨਾ ੧੩੪ ਤੇ, ਫ਼ੁਰਮਾਣ ਕਰਦੇ ਹਨ ਕਿ ਜਿਨ੍ਹਾਂ ਦਾ, ਸਾਧੂ ਦੇ ਨਾਲ ਪੂਰਨ ਮਿਲਾਪ ਹੋ ਜਾਂਦਾ ਹੈ, ਉਹ ਪ੍ਰਭੂ ਦੀ ਦਰਗਾਹ ਵਿਚ, ਸੁਰਖ਼ਰੂ ਹੋ ਕੇ ਜਾਂਦੇ ਹਨ - 'ਜਿਨ ਕੌ ਸਾਧੂ ਭੇਟੀਐ ਸੋ ਦਰਗਹ ਹੋਇ ਖਲਾਸ।।' ਪੰਨਾ ੧੮੯ ਤੇ ਦਸਿਆ ਹੈ ਕਿ ਸੰਤ ਦੀ ਕਿਰਪਾ ਸਦਕਾ, ਜਨਮ ਮਰਨ ਤੋਂ ਛੁਟਕਾਰਾ ਪ੍ਰਾਪਤ ਹੋ ਜਾਂਦਾ ਹੈ - 'ਸੰਤ ਪ੍ਰਸਾਦਿ ਜਨਮ ਮਰਣ ਤੇ ਛੋਟ।।' ਸਾਧੂ ਦੀ ਕਿਰਪਾ ਨਾਲ ਭਵਜਲ ਸਾਗਰ ਤਰਿਆ ਜਾਂਦਾ ਹੈ ਅਤੇ ਜਮ ਦੀ ਫ਼ਾਹੀ ਕਟ ਹੋ ਜਾਂਦੀ ਹੈ। ਪੰਨਾ ੧੦੮ ਤੇ ਇੰਵ ਫ਼ੁਰਮਾਣ ਹੈ - 'ਸਾਧੂ ਸੰਗਿ ਤਰੀਜੈ ਸਾਗਰੁ ਕਟੀਐ ਜਮ ਕੀ ਫਾਸਾ ਜੀਉ।।' ਪੰਜਵੇਂ ਪਾਤਸ਼ਾਹ, ਪੰਨਾ ੨੧੪ ਤੇ, ਸਾਫ਼ ਸ਼ਬਦਾਂ ਵਿਚ ਉਪਦੇਸ਼ ਕਰਦੇ ਹਨ ਕਿ **ਜਦੋਂ ਸਾਧੂ, ਆਪਣਾ ਕਿਰਪਾ ਭਰਿਆ ਹਥ ਮਸਤਕ ਤੇ ਰਖਦਾ ਹੈ ਤਾਂ ਹੀ ਜਨਮ ਮਰਣ ਤੋਂ ਖਲਾਸੀ ਹੁੰਦੀ ਹੈ** - 'ਜਉ ਸਾਧੂ ਕਰੁ ਮਸਤਕ ਧਰਿਓ ਤਬ ਹਮ ਮੁਕਤ ਭਏ।।'

ਇਨ੍ਹਾਂ ਕਾਰਣਾਂ ਕਰਕੇ ਭਗਤ ਕਬੀਰ ਜੀ ਸਾਧੂ ਸੰਗਤਿ ਦੀ ਲੋੜ ਤੇ ਬਹੁਤ ਜ਼ੋਰ ਦਿੰਦੇ ਹਨ। ਆਪਣੇ ਆਪ ਬਾਰੇ ਵੀ ਉਨ੍ਹਾਂ ਨੇ ਸਾਧੂ ਦੁਆਰਾ ਹੀ ਪ੍ਰਭੂ ਪ੍ਰਾਪਤੀ ਹੋਈ ਦਸੀ ਹੈ - 'ਸੰਤਨ ਸੰਗਿ ਕਬੀਰਾ ਬਿਗਰਿਓ।। ਸੋ ਕਬੀਰੁ ਰਾਮੈ ਹੋਇ ਨਿਬਰਿਓ।।', ਪੰਨਾ ੧੧੫੮. ਕਬੀਰ ਜੀ, ਸੰਤਾਂ ਦੀ ਸੰਗਤਿ ਕਰਦੇ ਹੋਏ, ਰੱਬ ਦਾ ਹੀ ਰੂਪ ਬਣ ਗਏ।

ਜੈਸੇ ਮਾਤ ਪਿਤਾ ਬਿਨੁ ਬਾਲੁ ਨ ਹੋਈ ॥

ਬਿੰਬ ਬਿਨਾ ਕੈਸੇ ਕਪਰੇ ਧੋਈ ॥

ਘੋਰ ਬਿਨਾ ਕੈਸੇ ਅਸਵਾਰ ॥

ਸਾਧੂ ਬਿਨੁ ਨਾਹੀ ਦਰਵਾਰ ॥੩॥

ਕਬੀਰ ਸਾਹਿਬ ਸਾਧੂ ਤੋਂ ਬਿਨਾਂ ਵਾਹਿਗੁਰੂ ਦੇ ਦਰਬਾਰ ਦੀ ਪ੍ਰਾਪਤੀ ਅਸੰਭਵ ਹੋਣ ਬਾਰੇ ਤਿੰਨ ਹੋਰ ਤਰਕ ਦਿੰਦੇ ਹਨ ਅਤੇ ਚੌਥੇ ਨੰਬਰ ਤੇ ਤੱਤ ਦੀ ਗਲ ਦਸਦੇ ਹਨ :

੧. ਜਿਵੇਂ ਮਾਤਾ ਪਿਤਾ ਦੇ ਸੰਜੋਗ ਤੋਂ ਬਿਨਾਂ ਬਚੇ ਦਾ ਜਨਮ ਸੰਭਵ ਨਹੀਂ,

੨. ਜਿਵੇਂ ਪਾਣੀ ਤੋਂ ਬਿਨਾਂ ਕਪੜਿਆਂ ਦਾ ਧੋਤਾ ਜਾਣਾ ਸੰਭਵ ਨਹੀਂ,

੩. ਜਿਵੇਂ ਘੋੜੇ ਦੀ ਮੌਜੂਦਗੀ ਤੋਂ ਬਿਨਾਂ, ਕੋਈ ਘੁੜਸਵਾਰ ਨਹੀਂ ਅਖਵਾ ਸਕਦਾ,

੪. ਆਖਰ ਤੇ, ਫ਼ੈਸਲਾ ਸੁਣਾਉਂਦੇ ਹੋਏ ਫ਼ੁਰਮਾਣ ਕਰਦੇ ਹਨ ਕਿ ਇਸੇ ਤਰ੍ਹਾਂ ਸਾਧੂ ਤੋਂ ਬਿਨਾਂ ਕੋਈ ਪਰਮੇਸਰ ਦੇ ਦਰਬਾਰ ਵੀ ਨਹੀਂ ਅੱਪੜ ਸਕਦਾ।

ਚੌਥੇ ਪਾਤਸ਼ਾਹ ੧੩੨੪ ਪੰਨੇ ਤੇ ਫ਼ੁਰਮਾਣ ਕਰਦੇ ਹਨ ਕਿ ਸਾਧੂ ਜਨਾਂ ਦੇ ਪਰਸਣ/ਛੋਹ ਨਾਲ ਹੀ ਅਕਾਲ ਪੁਰਖ ਜੀ ਦੇ ਦਰਸ਼ਨ ਹੁੰਦੇ ਹਨ - 'ਪਰਸ ਨਿਪਰਸੁ ਭਏ ਸਾਧੂ ਜਨ ਜਨੁ ਹਰਿ ਭਗਵਾਨੁ ਦਿਖੀਜੈ।।'

ਜਿਨ੍ਹਾਂ, ਜਿਨ੍ਹਾਂ ਨੂੰ ਵੀ ਸਾਧੂ ਮਿਲ ਪਿਆ, ਉਨ੍ਹਾਂ, ਉਨ੍ਹਾਂ ਨੂੰ ਦਇਆਲੂ ਭਗਵਾਨ ਮਿਲ ਪਿਆ। ਪਾਤਸ਼ਾਹ ਨੇ, ਪੰਨਾ ੮੩੫ ਤੇ, ਨਾਮਦੇਵ , ਜੈਦੇਵ, ਕਬੀਰ, ਤ੍ਰਿਲੋਚਨ, ਰਵਿਦਾਸ, ਧੰਨਾ, ਸੈਣ ਦੀਆਂ ਮਿਸਾਲਾਂ ਦਿਤੀਆਂ ਹਨ - 'ਨਾਮਾ ਜੈਦੇਉ ਕਬੀਰੁ ਤ੍ਰਿਲੋਚਨੁ ਅਉਜਾਤਿ ਰਵਿਦਾਸੁ ਚਮਿਆਰੁ ਚਮਈਆ।। ਜੋ ਜੋ ਮਿਲੈ ਸਾਧੂ ਜਨ ਸੰਗਤਿ ਧਨੁ ਧੰਨਾ ਜਟੁ ਸੈਣੁ ਮਿਲਿਆ ਹਰਿ ਦਈਆ।।' ਸ੍ਰੀ ਗੁਰੂ ਅਰਜਨ ਸਾਹਿਬ ਨੇ ਤਾਂ ਅੰਤਮ ਨਿਰਣਾ ਹੀ ਦੇ ਦਿਤਾ ਕਿ ਸੰਤ ਤੋਂ ਬਿਨਾਂ, ਹੋਰ ਕੋਈ ਵੀ ਮੁਕਤੀ ਦਾ ਦਾਤਾ ਨਹੀਂ, ਜੋ ਜੋ ਵੀ, ਸਾਧੂ ਦੀ ਸ਼ਰਣ ਵਿਚ ਪੈ ਗਿਆ, ਉਹੀ ਉਹੀ ਸੰਸਾਰ ਸਮੁੰਦਰ ਤੋਂ ਪਾਰ ਲੰਘ ਗਿਆ - 'ਸੰਤਨ ਬਿਨੁ ਅਵਰੁ ਨ ਦਾਤਾ ਬੀਆ।। ਜੋ ਜੋ ਸਰਣਿ ਪਰੈ ਸਾਧੂ ਕੀ ਸੋ ਪਾਰਗਰਾਮੀ ਕੀਆ।।', ਪੰਨਾ ੬੧੦.

ਜੈਸੇ ਬਾਜੇ ਬਿਨੁ ਨਹੀ ਲੀਜੈ ਫੇਰੀ ॥

ਖਸਮਿ ਦੁਹਾਗਨਿ ਤਜਿ ਅਉਹੇਰੀ ॥

ਕਹੈ ਕਬੀਰੁ ਏਕੈ ਕਰਿ ਕਰਨਾ ॥

ਗੁਰਮੁਖਿ ਹੋਇ ਬਹੁਰਿ ਨਹੀ ਮਰਨਾ ॥੪॥੬॥੯॥

ਸ਼ਬਦ ਦੇ ਅਖੀਰ ਵਿਚ ਭਗਤ ਜੀ ਫ਼ਿਰ ਤਾਰਕਿਕ ਵਿਧੀ ਰਾਹੀਂ ਮਿਸਾਲਾਂ ਦੇ ਕੇ ਸਮਝਾਉਂਦੇ ਹਨ ਕਿ ਜਿਵੇਂ :

੧. ਸੁਰ ਤਾਲ ਤੋਂ ਬਿਨਾਂ ਨਾਚ ਨਹੀਂ ਹੁੰਦਾ,

੨. ਪਤੀ ਤੋਂ ਬਿਨਾਂ ਇਸਤਰੀ ਸੁਹਾਗਣ ਨਹੀਂ ਅਖਵਾ ਸਕਦੀ, ਸਮਾਜ ਵਿਚ ਪਤੀ ਦੁਆਰਾ ਛੱਡੀ ਹੋਈ ਇਸਤਰੀ, ਦੁਹਾਗਣ ਅਖਵਾਉਂਦੀ ਹੈ,

੩. ਇਸੇ ਤਰ੍ਹਾਂ ਕਬੀਰ ਜੀ ਅਧਿਆਤਮਕ ਤੌਰ ਤੇ ਦੁਹਾਗਣ, ਹੋਣ ਦੇ ਦੁਖ ਤੋਂ ਬਚਣ ਲਈ ਉਪਦੇਸ ਕਰਦੇ ਹਨ

੪. ਮਨੁਖਾ ਜਨਮ ਦਾ ਇਕ ਹੀ ਕਰਣ ਯੋਗ ਕੰਮ ਹੈ ਕਿ ਗੁਰੂ ਧਾਰਣ ਕਰ ਕੇ ਨਾਮ ਜਪਿਆ ਜਾਏ ਤਾਂ ਕਿ ਦੁਬਾਰਾ ਮਰਣ ਨਾਂ ਹੋਵੇ, ਭਾਵ, ਜਨਮ ਮਰਨ ਦੇ ਗੇੜ ਤੋਂ ਮੁਕਤ ਹੋ ਜਾਈਏ।

ਪੰਚਮ ਪਾਤਸ਼ਾਹ ਵੀ ਇਹੀ ਫ਼ੁਰਮਾਣ ਹੀ ਤਾਂ ਕਰਦੇ ਹਨ ਕਿ ਸਾਧੂ ਦੀ ਸੰਗਤਿ ਕਰਦੇ ਹੋਏ ਨਾਮ ਜਪਣਾ ਹੀ, ਮਨੁਖਾ ਜਨਮ ਦਾ ਅਸਲ ਕੰਮ ਹੈ - 'ਅਵਰਿ ਕਾਜ ਤੇਰੈ ਕਿਤੈ ਨ ਕਾਮ।। ਮਿਲੁ ਸਾਧ ਸੰਗਤਿ ਭਜੁ ਕੇਵਲ ਨਾਮ।।' ਪੰਚਮ ਪਾਤਸ਼ਾਹ, ਪੰਨਾ ੧੩੩ ਤੇ ਉਪਦੇਸ਼ ਦਿੰਦੇ ਹਨ ਕਿ ਮਨੁਖ, ਵਾਹਗੁਰੂ ਦੇ, ਇਕ ਨਾਮ ਜਪਣ ਤੋਂ ਬਿਨਾਂ ਆਪਣਾ ਅਗਲਾ, ਵਿਗਾੜ ਲੈਂਦਾ ਹੈ.. ਜੇ ਸੰਤ, ਉਸ ਪ੍ਰਭੂ ਨਾਲ ਮਿਲਾ ਦਿੰਦਾ ਹੈ ਤਾਂ ਜੀਵਨ ਸੁਹਾਵਣਾ ਹੋ ਜਾਂਦਾ ਹੈ - 'ਇਕਸੁ ਹਰਿ ਕੇ ਨਾਮ ਬਿਨੁ ਅਗੈ ਲਈਅਹਿ ਖੋਹਿ।।.. ਵੈਸਾਖੁ ਸੁਹਾਵਾ ਤਾਂ ਲਗੈ ਜਾ ਸੰਤੁ ਭੇਟੈ ਹਰਿ ਸੋਇ।।'

ਪੰਨਾ ੮੦੪ ਤੇ, ਫ਼ੁਰਮਾਣ ਕਰਦੇ ਹਨ ਕਿ ਬਾਕੀ ਸਾਰੇ ਧਾਰਮਕ ਕਰਮ ਤਾਂ, ਲੋਕਾਚਾਰ ਹੀ ਹੁੰਦੇ ਹਨ, ਜੋ ਲੋਕਾਂ ਤੋਂ ਵਡਿਆਈ ਹਾਸਲ ਕਰਨ ਲਈ ਹੁੰਦੇ ਹਨ। ਆਪਣਾ ਉਧਾਰ ਕਰਵਾਉਣ ਦਾ ਅਸਲ ਕੰਮ ਤਾਂ ਸਾਧੂ ਦੀ ਸੰਗਤਿ ਨਾਲ ਹੀ ਹੁੰਦਾ ਹੈ। ਇਸੇ ਕਰਕੇ ਪ੍ਰਭੂ ਨੂੰ ਬੇਨਤੀ ਹੈ ਕਿ ਸਾਧੂ ਦੇ ਚਰਣਾਂ ਦੀ ਧੂੜ ਪ੍ਰਾਪਤ ਹੋ ਜਾਏ, ਜਿਸ ਨਾਲ ਸਾਡਾ, ਸੰਸਾਰ ਸਮੁੰਦਰ ਤੋਂ ਪਾਰ ਉਤਾਰਾ ਹੋ ਜਾਏ - 'ਅਵਰਿ ਕਰਮ ਸਭਿ ਲੋਕਾਚਾਰ।। ਮਿਲਿ ਸਾਧੂ ਸੰਗਿ ਹੋਇ ਉਧਾਰ।।.. ਜਨ ਨਾਨਕ ਕਉ ਪ੍ਰਭ ਕਿਰਪਾ ਕਰੀਐ।। ਸਾਧੂ ਧੂਰਿ ਮਿਲੈ ਨਿਸਤਰੀਐ।।' ਪਾਤਸ਼ਾਹ, ੧੩੦੦ ਪੰਨੇ ਤੇ, ਵੀ ਸਮਝਾਉਂਦੇ ਹਨ ਕਿ ਸਾਧੂ ਸੰਗਤਿ ਕਰਦਿਆਂ ਕਰਦਿਆਂ ਸਿਮਰਣ ਕਰਨ ਨਾਲ, ਚੁਰਾਸੀ ਦੇ ਗੇੜ ਵਿਚ, ਆਉਣ ਜਾਣ, ਭਾਵ ਜਨਮ ਅਤੇ ਮਰਣ ਦੀਆਂ ਸਭ ਦੁਖ ਤਕਲੀਫ਼ਾਂ, ਮਿਟ ਜਾਂਦੀਆਂ ਹਨ - 'ਆਵਤ ਜਾਤ ਰਹੇ ਸ੍ਰਮ ਨਾਸੇ ਸਿਮਰਤ ਸਾਧੂ ਸੰਗਿ।।'

2.9.2020